# ਸੰਗੀਤ (ਤਬਲਾ)

## ਦਸਵੀਂ ਸ਼੍ਰੇਣੀ

## ਸਮੈਸਟਰ-I

## ਪਰਚਾ ਏ-ਲਿਖਤੀ

| | |
|---|---|
| **ਸਮਾਂ : ਲਿਖਤੀ 3 ਘੰਟੇ** | **ਲਿਖਤੀ : 50** |
| **ਕਿਰਿਆਤਮਕ :20 ਮਿੰਟ** | **ਕਿਰਿਆਤਮਕ : 50** |
| | **ਕੁੱਲ ਅੰਕ : 100** |

## ਸਮੈਸਟਰ-I

## ਪਰਚਾ ਏ-ਲਿਖਤੀ

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਲਿਖਤੀ ਪ੍ਰਸ਼ਨ ਪੱਤਰ ਵਿੱਚ ਕੁੱਲ 17 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀਂ ਹਨ। ਪ੍ਰਸ਼ਨ ਪੱਤਰ ਦੇ ਕੁੱਲ III ਭਾਗ ਹੋਣਗੇ।

ਭਾਗ-I ਵਿੱਚ ਇੱਕ ਇੱਕ ਅੰਕ ਦੇ 10 ਵਸਤੂ ਨਿਸ਼ਠ (Objective type) ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦਾ ਉੱਤਰ ਇੱਕ ਲਾਈਨ ਤੋਂ ਵੱਧ ਨਹੀਂ ਹੋਣਾ ਚਾਹੀਦਾ।

ਭਾਗ-II ਵਿੱਚ 5 ਸੰਖੇਪਾਤਮਕ (short answer type) ਪ੍ਰਸ਼ਨ ਪੁੱਛੇ ਜਾਣਗੇ। ਹਰ ਪ੍ਰਸ਼ਨ 4 ਅੰਕ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 10-15 ਲਾਈਨਾਂ ਦੇ ਹੋਣੇ ਚਾਹੀਦੇ ਹਨ।

ਭਾਗ-III ਵਿੱਚ 2 ਨਿਬੰਧਾਤਮਕ (Essay type ) ਪ੍ਰਸ਼ਨ ਅੰਦਰੂਨੀ ਛੋਟ ਦੇ ਕੇ ਪੁੱਛੇ ਜਾਣਗੇ। ਇਹ ਪ੍ਰਸ਼ਨ 10-10 ਅੰਕਾਂ ਦੇ ਹੋਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਪਾਠ-ਕ੍ਰਮ ਦੇ ਭਾਗ 'ੳ' ਵਿੱਚੋਂ ਅਤੇ ਇੱਕ ਪ੍ਰਸ਼ਨ ਪਾਠ-ਕ੍ਰਮ ਦੇ ਭਾਗ 'ਅ' ਵਿੱਚੋਂ ਹੋਵੇਗਾ।

## ਪਾਠ-ਕ੍ਰਮ

### ਭਾਗ (ੳ)

1. ਹੇਠ ਲਿਖਿਆਂ ਦੀਆਂ ਉਦਾਹਰਣਾ ਸਹਿਤ ਪਰਿਭਾਸ਼ਾਵਾਂ ਅਤੇ ਜਾਣਕਾਰੀ :

(ੳ) ਸਮ (ਵਿਸ਼ਮ, ਅਤੀਤ, ਅਨਾਗਤ ) ਕਾਇਦਾ, ਪਲਟਾ, ਨਗਮਾ, ਉਠਾਣ।

(ਅ) ਸਾਜ਼ ਮਿਲਾਉਣ ਦੇ ਨਿਯਮ ।

(ੲ) ਤਬਲੇ ਦਾ ਸੰਖੇਪ ਇਤਿਹਾਸ।

2. ਲੈਅ ਦਾ ਮੱਹਤਵ ।

3. ਉਸਤਾਦ ਕਾਦਰ ਬਖਸ਼ ਦੀ ਜੀਵਨੀ।

### ਭਾਗ (ਅ)

1. ਨਿਰਧਾਰਿਤ ਤਾਲਾਂ ਵਿੱਚੋਂ ਤਿੰਨ ਤਾਲ ਅਤੇ ਝਪਤਾਲ ਦੀ ਜਾਣ ਪਛਾਣ

2. ਨਿਰਧਾਰਿਤ ਤਾਲਾਂ ਦੀ ਇੱਕਗੁਣ ਅਤੇ ਦੁਗੁਣ ਸਹਿਤ ਤਾਲ ਲਿਪੀ ਲਿਖਣਾ
3. ਪਾਠ-ਕ੍ਰਮ ਦੇ ਤਾਲਾਂ ਨੂੰ ਉਠਾਣ, ਕਾਇਦੇ, ਪਲਟੇ, ਤਿਹਾਈਆਂ ਅਤੇ ਟੁਕੜਿਆਂ ਸਹਿਤ ਲਿਪੀਬੱਧ ਕਰਨਾ

## ਪਰਚਾ-ਬੀ

## ਕਿਰਿਆਤਮਕ ਭਾਗ

## ਪ੍ਰਸ਼ਨ ਪੱਤਰ ਦੀ ਰੂਪ-ਰੇਖਾ

ਨੋਟ : ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਤੇ ਹੀ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕਰਨ ਸਮੇਂ ਲਿਖਤੀ ਪਰਚੇ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

1. ਪਾਠਕ੍ਰਮ ਦੇ ਤਾਲਾਂ ਵਿੱਚੋਂ ਵਿਦਿਆਰਥੀ ਚੋਣ ਵਾਲੇ ਕਿਸੇ ਇੱਕ ਤਾਲ ਦਾ ਉਠਾਣ, ਕਾਇਦੇ, ਪਲਟੇ ਅਤੇ ਤਿਹਾਈਆਂ ਸਹਿਤ ਵਾਦਨ।। ਇਸ ਲਈ ਸਮਾਂ 6 ਮਿੰਟ ਅਤੇ ਅੰਕ 15 ਹੋਣਗੇ।
2. ਪਾਠ-ਕ੍ਰਮ ਦੇ ਤਾਲਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਤਾਲ ਦਾ ਉਠਾਣ, ਕਾਇਦੇ, ਪਲਟੇ ਅਤੇ ਤਿਹਾਈਆਂ ਸਹਿਤ ਵਾਦਨ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
3. ਪਾਠ-ਕ੍ਰਮ ਦੇ ਤਾਲਾਂ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕ ਕਾਇਦਿਆਂ, ਪਲਟਿਆਂ ਅਤੇ ਤਿਹਾਈਆਂ ਸਹਿਤ ਉਚਾਰਣ ਕਰਨਾ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
4. ਦਿੱਤੇ ਬੋਲਾਂ ਤੋਂ ਪਾਠ-ਕ੍ਰਮ ਦੇ ਤਾਲਾਂ ਦੀ ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।
5. ਪਾਠਕ੍ਰਮ ਦੇ ਤਾਲਾਂ ਦੀ ਗਾਇਨ/ਵਾਦਨ ਨਾਲ ਸੰਗਤ ਕਰਨੀ ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।

## ਪਾਠ-ਕ੍ਰਮ

1. ਤਿੰਨਤਾਲ ਅਤੇ ਝਪਤਾਲ ਨੂੰ ਇੱਕ ਗੁਣ ਅਤੇ ਦੁਗੁਣ ਸਹਿਤ ਵਜਾਉਣਾ।
2. ਪਾਠ-ਕ੍ਰਮ ਦੇ ਤਾਲਾਂ ਵਿੱਚ ਉਠਾਣ, ਦੋ ਕਾਇਦੇ ਪਲਟਿਆਂ ਅਤੇ ਤਿਹਾਈਆਂ ਸਮਤ ਦੋ ਟੁਕੜੇ ਅਤੇ ਇੱਕ ਪਰਨ ਵਾਦਨ
3. ਉਪਰੋਕਤ ਤਾਲਾਂ ਦੀ ਗਾਇਨ ਵਾਦਨ ਨਾਲ ਸੰਗਤ,

**ਸੰਗੀਤ (ਤਬਲਾ)**

**ਦਸਵੀਂ ਸ਼੍ਰੇਣੀ**

**ਸਮੈਸਟਰ-II**

**ਪਰਚਾ ਏ-ਲਿਖਤੀ**

**ਪ੍ਰਸ਼ਨ ਪੱਤਰ ਦੀ ਰੂਪ ਰੇਖਾ**

ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ ਪਹਿਲੇ ਸਮੈਸਟਰ ਵਾਂਗ ਹੀ ਰਹੇਗੀ। ਕੇਵਲ ਭਾਗ-I ਵਿੱਚ ਪੁੱਛੇ ਜਾਣ ਵਾਲੇ ਵਸਤੂ ਨਿਸ਼ਠ ਪ੍ਰਸ਼ਨ(Objective ty[e) ਦੋਵਾਂ ਸਮੈਸਟਰਾਂ (ਪਹਿਲੇ ਅਤੇ ਦੂਸਰੇ ) ਦੇ ਪਾਠ-

ਕ੍ਰਮ ਵਿੱਚੋਂ ਹੋਣਗੇ।

**ਪਾਠ-ਕ੍ਰਮ**

**ਭਾਗ-(ੳ)**

1. ਪਖਾਵਜ ਦਾ ਸੰਖੇਪ ਇਤਿਹਾਸ।
2. ਤਾਲ ਦਾ ਗਾਇਨ, ਵਾਦਨ ਤੇ ਨਰਿੱਤ ਨਾਲ ਸੰਬੰਧ।
3. ਉਸਤਾਦ ਬਹਾਦਰ ਸਿੰਘ ਦੀ ਜੀਵਨੀ
4. ਵਿਸ਼ਨੂ ਦਿਗੰਬਰ ਪੁਲਸਕਰ ਤਾਲ ਲਿਪੀ ਪੱਧਤੀ ਦੀ ਭਾਤਖੰਡੇ ਤਾਲ ਲਿਪੀ ਪੱਧਤੀ ਨਾਲ ਤੁਲਨਾ

**ਭਾਗ-(ਅ)**

1. ਨਿਰਧਾਰਿਤ ਤਾਲਾਂ ਵਿੱਚੋਂ ਤਿੰਨ ਤਾਲ ਝਪਤਾਲ, ਇੱਕ ਤਾਲ ਦੀ ਜਾਣ ਪਛਾਣ
2. ਪਾਠ ਕ੍ਰਮ ਦੇ ਤਾਲਾਂ ਨੂੰ ਉਠਾਣ ਕਾਇਦੇ ਪਲਟੇ, ਤਿਹਾਈਆਂ ਅਤੇ ਟੁਕੜਿਆਂ ਸਹਿਤ ਲਿਪੀ ਬਧ ਕਰਨਾ।

**ਪਰਚਾ (ਬੀ)**

**ਕਿਰਿਆਤਮਕ ਭਾਗ**

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ**

ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ ਪਹਿਲੇ ਸਮੈਸਟਰ ਵਾਂਗ ਹੀ ਰਹੇਗੀ।

**ਪਾਠ-ਕ੍ਰਮ**

1. ਇਕਤਾਲ ਨੂੰ ਇੱਕ ਗੁਣ ਅਤੇ ਦੁਗੁਣ ਸਹਿਤ ਵਜਾਉਣਾ।
2. ਇਕ ਤਾਲ ਦਾ ਵਿਲੰਬਤ ਲੈਅ ਵਿੱਚ ਵਾਦਨ।

3. ਪਾਠ-ਕ੍ਰਮ ਦੇ ਤਾਲਾਂ ਦੀ ਹੱਥ ਨਾਲ ਤਾਲੀ ਦੇ ਕੇ ਕਾਇਦਿਆਂ ਪਲਟਿਆਂ ਅਤੇ ਤਿਹਾਈਆਂ ਸਹਿਤ ਪੜ੍ਹੰਤ।